

Office of the
Victims' Commissioner



# ਜੇਕਰ ਕਿਸੇ ਨੇ ਤੁਹਾਨੂੰ ਠੇਸ ਪਹੁੰਚਾਈ ਹੈ ਤਾਂ ਕੁਈਨਜ਼ਲੈਂਡ ਵਿੱਚ ਤੁਹਾਡੇ ਕੀ ਅਧਿਕਾਰ ਹਨ?

## ਨੀਲੇ ਸ਼ਬਦ



ਇਸ ਜਾਣਕਾਰੀ ਵਿੱਚ ਕੁੱਝ ਸ਼ਬਦ **ਨੀਲੇ** ਅਤੇ **ਗੂੜ੍ਹੇ** ਹਨ।

ਅਸੀਂ ਲਿਖਾਂਗੇ ਕਿ ਨੀਲੇ ਅਤੇ ਗੂੜ੍ਹੇ ਸ਼ਬਦਾਂ ਦਾ ਕੀ ਅਰਥ ਹੈ।

## ਇਸ ਜਾਣਕਾਰੀ ਨਾਲ ਮੱਦਦ



ਤੁਸੀਂ ਆਪਣੀ ਮੱਦਦ ਲਈ ਕਿਸੇ ਨੂੰ ਨਾਲ ਲਿਜਾ ਸਕਦੇ ਹੋ


- ਇਸ ਜਾਣਕਾਰੀ ਨੂੰ ਸਮਝਣ ਲਈ

- ਹੋਰ ਜਾਣਕਾਰੀ ਲੱਭਣ ਲਈ।




ਸੰਪਰਕ ਜਾਣਕਾਰੀ ਅੰਤ ਵਿੱਚ ਦਿੱਤੀ ਗਈ ਹੈ।

# ਅਸੀਂ ਫਸਟ ਨੇਸ਼ਨਜ਼ ਦੇ ਲੋਕਾਂ ਨੂੰ ਸਵੀਕਾਰ ਕਰਦੇ ਹਾਂ



**ਸਵੀਕਾਰ ਕਰਨ** ਦਾ ਮਤਲਬ ਹੈ ਕਿ ਅਸੀਂ ਫਸਟ ਨੇਸ਼ਨਜ਼ ਦੇ **ਲੋਕਾਂ ਦੇ**

- ਸੱਭਿਆਚਾਰ
- ਭਾਸ਼ਾ



- ਇਤਿਹਾਸ ਦੇ ਮਹੱਤਵ ਨੂੰ ਸਮਝਦੇ ਹਾਂ।

ਫਸਟ ਨੇਸ਼ਨਜ਼ ਲੋਕ ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕ ਹਨ।

# ਇਸ ਜਾਣਕਾਰੀ ਬਾਰੇ






ਹਰ ਕਿਸੇ ਕੋਲ **ਅਧਿਕਾਰ** ਹਨ।

ਅਧਿਕਾਰ ਉਹ ਚੀਜ਼ ਹੈ ਜੋ ਹਰ ਕਿਸੇ ਕੋਲ ਹੋਣੇ ਚਾਹੀਦੇ ਹਨ।



ਇਹ ਜਾਣਕਾਰੀ ਕੁਈਨਜ਼ਲੈਂਡ ਵਿੱਚ **ਪੀੜਤਾਂ ਦੇ** ਵਿਸ਼ੇਸ਼ ਅਧਿਕਾਰਾਂ ਬਾਰੇ ਹੈ।




ਤੁਸੀਂ ਪੀੜਤ ਹੋ, ਜੇ

- ਕਿਸੇ ਨੇ ਤੁਹਾਨੂੰ ਸੱਟ ਮਾਰੀ ਹੈ






- ਕਿਸੇ ਨੇ ਤੁਹਾਡੇ ਪਰਿਵਾਰ ਵਿੱਚ ਕਿਸੇ ਨੂੰ ਮਾਰ ਦਿੱਤਾ ਜਾਂ ਸੱਟ ਮਾਰੀ ਹੈ



- ਤੁਹਾਨੂੰ ਸੱਟ ਲੱਗੀ ਹੈ ਕਿਉਂਕਿ ਤੁਸੀਂ ਕਿਸੇ ਹੋਰ ਦੀ ਮੱਦਦ ਕੀਤੀ ਸੀ ਜਦੋਂ ਉਸਨੂੰ ਸੱਟ ਮਾਰੀ ਜਾ ਰਿਹਾ ਸੀ।



ਕੁਈਨਜ਼ਲੈਂਡ ਵਿੱਚ ਪੀੜਤਾਂ ਦੇ ਵਿਸ਼ੇਸ਼ ਅਧਿਕਾਰਾਂ ਨੂੰ **ਚਾਰਟਰ ਆਫ਼ ਵਿਕਟਿਮਜ਼ ਰਾਈਟਸ (Charter of Victims' Rights)** ਕਿਹਾ ਜਾਂਦਾ ਹੈ।



ਇਹ ਚਾਰਟਰ **ਸੇਵਾਵਾਂ** ਨੂੰ ਦੱਸਦਾ ਹੈ ਕਿ ਜੇਕਰ ਤੁਸੀਂ ਪੀੜਤ ਹੋ ਤਾਂ ਉਹਨਾਂ ਨੂੰ ਤੁਹਾਡੀ ਮੱਦਦ ਕਰਨ ਲਈ ਕੀ ਕਰਨਾ **ਲਾਜ਼ਮੀ** ਹੈ।





ਇਹ ਸੇਵਾਵਾਂ ਹੋ ਸਕਦੀਆਂ ਹਨ

- ਪੁਲਿਸ




- ਅਦਾਲਤ



- ਪੀੜਤਾਂ ਦੀ ਮੱਦਦ ਕਰਨ ਵਾਲੀਆਂ ਹੋਰ ਸੇਵਾਵਾਂ।

ਇਸ ਚਾਰਟਰ ਵਿੱਚ 5 ਤਰ੍ਹਾਂ ਦੇ ਅਧਿਕਾਰ ਹਨ।

# 1 ਇਹਨਾਂ ਸੇਵਾਵਾਂ ਨੂੰ ਲਾਜ਼ਮੀ ਤੁਹਾਡੇ ਅਧਿਕਾਰਾਂ ਲਈ ਤੁਹਾਡੀ ਮੱਦਦ ਕਰਨੀ ਚਾਹੀਦੀ ਹੈ




ਜੇਕਰ ਤੁਸੀਂ ਪੀੜਤ ਹੋ ਤਾਂ ਕੁਈਨਜ਼ਲੈਂਡ ਵਿਚਲੀਆਂ ਬਹੁਤ ਸਾਰੀਆਂ ਸੇਵਾਵਾਂ ਤੁਹਾਡੀ ਮੱਦਦ ਕਰ ਸਕਦੀਆਂ ਹਨ।



ਇਹਨਾਂ ਸੇਵਾਵਾਂ ਨੂੰ **ਲਾਜ਼ਮੀ** ਤੁਹਾਡੇ ਅਧਿਕਾਰਾਂ ਲਈ ਤੁਹਾਡੀ ਮੱਦਦ ਕਰਨੀ ਚਾਹੀਦੀ ਹੈ, ਜੇਕਰ


- ਉਹ ਸਰਕਾਰ ਦਾ ਹਿੱਸਾ ਹਨ



- ਉਨ੍ਹਾਂ ਨੂੰ ਸਰਕਾਰ ਤੋਂ ਪੈਸਾ ਮਿਲਦਾ ਹੈ।

ਸੇਵਾਵਾਂ ਨੂੰ **ਲਾਜ਼ਮੀ** ਤੁਹਾਨੂੰ ਉਹਨਾਂ ਤਰੀਕਿਆਂ ਬਾਰੇ ਦੱਸਣਾ ਚਾਹੀਦਾ ਹੈ ਜਿਨ੍ਹਾਂ ਦੁਆਰਾ ਤੁਸੀਂ ਸਹਾਇਤਾ ਪ੍ਰਾਪਤ ਕਰ ਸਕਦੇ ਹੋ।

ਸੇਵਾਵਾਂ ਨੂੰ **ਲਾਜ਼ਮੀ** ਤੁਹਾਡਾ **ਸਤਿਕਾਰ** ਕਰਨਾ ਚਾਹੀਦਾ ਹੈ।




ਸਤਿਕਾਰ ਦਾ ਮਤਲਬ ਹੈ ਕਿ ਸੇਵਾਵਾਂ ਨੂੰ **ਲਾਜ਼ਮੀ** ਕਰਨੀ ਚਾਹੀਦੀ ਹੈ

- ਚੰਗੇ ਵਿਵਹਾਰ ਦੀ ਵਰਤੋਂ



- ਸਾਰਿਆਂ ਲਈ ਦਿਆਲੂ ਹੋਣੀ

- ਕਿਸੇ ਲਈ ਨਿਰਪੱਖ ਹੋਣੀ।



ਸੇਵਾਵਾਂ ਨੂੰ ਤੁਹਾਡੀ ਗੱਲ **ਜ਼ਰੂਰ** ਸੁਣਨੀ ਚਾਹੀਦੀ ਹੈ।



ਸੇਵਾਵਾਂ ਨੂੰ ਲਾਜ਼ਮੀ ਤੁਹਾਡੇ ਬਾਰੇ ਜਾਣਕਾਰੀ ਸਾਂਝੀ **ਨਹੀਂ** ਕਰਨੀ ਚਾਹੀਦੀ ਜਦੋਂ ਤੱਕ ਕਿ

- ਪੁ ਲਿਸ ਇਹ ਜਾਣਕਾਰੀ ਨਹੀਂ ਮੰਗਦੀ




- ਅਦਾਲਤ ਇਹ ਜਾਣਕਾਰੀ ਨਹੀਂ ਮੰਗਦੀ



- ਤੁ ਸੀਂ ਇਹ ਨਹੀਂ ਕਹਿੰਦੇ ਹੋ ਕਿ ਸੇਵਾਵਾਂ ਤੁ ਹਾਡੀ ਜਾਣਕਾਰੀ ਸਾਂਝੀ ਕਰ ਸਕਦੀਆਂ ਹਨ।


## 2 ਕਾਨੂੰਨ ਦੇ ਨਾਲ ਤੁਹਾਡੇ ਕੁੱਝ ਅਧਿਕਾਰ ਹਨ



ਤੁਹਾਨੂੰ ਇਸ ਬਾਰੇ ਜਾਣਕਾਰੀ ਮਿਲੇਗੀ ਕਿ **ਜਾਂਚ-ਪੜਤਾਲ** ਵਿੱਚ ਕੀ ਹੋਵੇਗਾ।



ਜਾਂਚ-ਪੜਤਾਲ ਦਾ ਮਤਲਬ ਹੈ ਕਿ ਪੁਲਿਸ ਇਹ ਸਮਝਣ ਲਈ ਅਪਰਾਧ ਬਾਰੇ ਜਾਣਕਾਰੀ ਪ੍ਰਾਪਤ ਕਰਦੀ ਹੈ ਕਿ ਕੀ ਹੋਇਆ ਸੀ।



ਤੁਹਾਨੂੰ ਇਸ ਬਾਰੇ ਜਾਣਕਾਰੀ ਮਿਲੇਗੀ ਕਿ ਤੁਹਾਨੂੰ ਨੁਕਸਾਨ ਪਹੁੰਚਾਉਣ ਵਾਲਾ ਵਿਅਕਤੀ ਕੌਣ ਹੈ ਜੇਕਰ ਤੁਸੀਂ ਉਨ੍ਹਾਂ ਨੂੰ ਨਹੀਂ ਜਾਣਦੇ ਹੋ।



ਤੁਹਾਨੂੰ ਇਸ ਬਾਰੇ ਜਾਣਕਾਰੀ ਮਿਲੇਗੀ ਕਿ ਅੱਗੇ ਕੀ ਹੋਵੇਗਾ।



ਉਦਾਹਰਨ ਲਈ, ਜੇਕਰ ਤੁਹਾਨੂੰ ਸੱਟ ਮਾਰਨ ਵਾਲਾ ਵਿਅਕਤੀ



- ਕਹਿੰਦਾ ਹੈ ਕਿ ਉਸਨੇ ਇਹ ਅਪਰਾਧ ਕੀਤਾ ਹੈ




- ਅਦਾਲਤ ਵਿੱਚ ਪੇਸ਼ੀ ਤੋਂ ਪਹਿਲਾਂ ਜੇਲ੍ਹ ਜਾਣਾ



- ਅਦਾਲਤ ਦੇ ਸਾਹਮਣੇ ਪੇਸ਼ੀ ਤੋਂ ਪਹਿਲਾਂ ਜੇਲ੍ਹ ਤੋਂ ਬਾਹਰ ਆਉਣਾ।

ਜੇਕਰ ਤੁਹਾਨੂੰ ਸੱਟ ਪਹੁੰਚਾਉਣ ਵਾਲਾ ਵਿਅਕਤੀ ਜੇਲ ਵਿੱਚ **ਨਹੀਂ** ਹੈ ਤਾਂ ਉਨ੍ਹਾਂ ਨੂੰ ਤੁਹਾਡੀ ਸੁਰੱਖਿਅਤ ਰਹਿਣ ਵਿੱਚ ਮੱਦਦ ਲਈ ਕੁੱਝ ਨਿਯਮਾਂ ਦੀ ਪਾਲਣਾ ਕਰਨੀ**ਲਾਜ਼ਮੀ** ਹੈ।



ਤੁਹਾਨੂੰ ਇਨ੍ਹਾਂ ਬਾਰੇ ਜਾਣਕਾਰੀ ਮਿਲੇਗੀ

- ਅਦਾਲਤੀ ਮੀਟਿੰਗਾਂ ਬਾਰੇ



- ਸੇਵਾਵਾਂ ਦੁਆਰਾ ਲਏ ਗਏ ਫ਼ੈਸਲਿਆਂ ਦੇ ਕਾਰਨਾਂ ਬਾਰੇ।

# 3 ਤੁਹਾਡੇ ਅਧਿਕਾਰ ਜੇਕਰ ਤੁਹਾਨੂੰ ਅਦਾਲਤ ਵਿੱਚ ਜਾਣਾ ਪਵੇ




ਤੁਹਾਨੂੰ ਅਦਾਲਤ ਨੂੰ ਇਸ ਅਪਰਾਧ ਬਾਰੇ ਦੱਸਣ ਦੀ ਲੋੜ ਹੋ ਸਕਦੀ ਹੈ।




ਉਦਾਹਰਨ ਲਈ

- ਕਿਸੇ ਨੇ ਤੁਹਾਨੂੰ ਕਿਵੇਂ ਸੱਟ ਮਾਰੀ ਹੈ




- ਜਦੋਂ ਇਹ ਅਪਰਾਧ ਹੋਇਆ ਤਾਂ ਤੁਸੀਂ ਕੀ ਦੇਖਿਆ ਸੀ



- ਤੁਸੀਂ ਇਸ ਅਪਰਾਧ ਬਾਰੇ ਕੀ ਜਾਣਦੇ ਹੋ।

ਜੇਕਰ ਤੁਸੀਂ ਅਦਾਲਤ ਵਿੱਚ ਜਾਂਦੇ ਹੋ ਤਾਂ ਤੁਹਾਨੂੰ ਇਹਨਾਂ ਬਾਰੇ ਜਾਣਕਾਰੀ ਮਿਲੇਗੀ

- ਕਿ ਅਦਾਲਤ ਵਿੱਚ ਕੀ ਹੋਵੇਗਾ



- ਕਿ ਤੁਹਾਨੂੰ ਅਦਾਲਤ ਵਿੱਚ ਕੀ ਕਰਨ ਦੀ ਲੋੜ ਹੈ।




ਤੁਸੀਂ ਅਦਾਲਤ ਵਿੱਚ ਸੁਰੱਖਿਅਤ ਮਹਿਸੂਸ ਕਰਨ ਵਿੱਚ ਮੱਦਦ ਕਰਨ ਲਈ ਕੁੱਝ ਲੋਕਾਂ ਤੋਂ ਵੱਖ ਹੋਣਾ ਚਾਹ ਸਕਦੇ ਹੋ।



ਉਦਾਹਰਨ ਲਈ

- ਤੁਹਾਨੂੰ ਸੱਟ ਮਾਰਨ ਵਾਲੇ ਵਿਅਕਤੀ ਤੋਂ




- ਤੁਹਾਨੂੰ ਨੁਕਸਾਨ ਪਹੁੰਚਾਉਣ ਵਾਲੇ ਵਿਅਕਤੀ ਦਾ ਸਮਰਥਨ ਕਰਨ ਵਾਲੇ ਲੋਕਾਂ ਤੋਂ।

# 4 ਤੁਹਾਡੇ ਅਧਿਕਾਰ, ਜੇਕਰ ਅਦਾਲਤ ਕਹਿੰਦੀ ਹੈ ਕਿ ਜਿਸ ਵਿਅਕਤੀ ਨੇ ਤੁਹਾਨੂੰ ਸੱਟ ਪਹੁੰਚਾਈ ਹੈ ਉਸ ਨੇ ਜੁਰਮ ਕੀਤਾ ਹੈ



ਜੇਕਰ ਅਦਾਲਤ ਕਹਿੰਦੀ ਹੈ ਕਿ ਜਿਸ ਵਿਅਕਤੀ ਨੇ ਤੁਹਾਨੂੰ ਸੱਟ ਮਾਰੀ ਹੈ ਉਸ ਨੇ ਜੁਰਮ ਕੀਤਾ ਹੈ, ਤਾਂ ਤੁਸੀਂ **ਪੀੜਤ 'ਤੇ ਪਏ ਪ੍ਰਭਾਵ ਬਾਰੇ ਬਿਆਨ (victim impact statement)** ਦੇ ਸਕਦੇ ਹੋ।



ਪੀੜਤ 'ਤੇ ਪਏ ਪ੍ਰਭਾਵ ਬਾਰੇ ਬਿਆਨ ਦਾ ਮਤਲਬ ਹੈ ਕਿ ਤੁਸੀਂ ਅਦਾਲਤ ਨੂੰ ਦੱਸੋ ਕਿ ਤੁਸੀਂ ਕੀ ਮਹਿਸੂਸ ਕਰਦੇ ਹੋ।




ਜੇਕਰ ਅਦਾਲਤ ਤੁਹਾਨੂੰ ਨੁਕਸਾਨ ਪਹੁੰਚਾਉਣ ਵਾਲੇ ਵਿਅਕਤੀ ਨੂੰ ਜੇਲ੍ਹ ਭੇਜਦੀ ਹੈ ਤਾਂ ਤੁਸੀਂ ਉਸ ਬਾਰੇ ਜਾਣਕਾਰੀ ਮੰਗ ਸਕਦੇ ਹੋ।



ਉਦਾਹਰਨ ਲਈ


- ਇਸ ਵਿਅਕਤੀ ਨੂੰ ਕਿੰਨਾ ਸਮਾਂ ਜੇਲ੍ਹ ਵਿੱਚ ਰਹਿਣਾ ਪਵੇਗਾ



- ਜੇਕਰ ਵਿਅਕਤੀ ਜੇਲ੍ਹ ਤੋਂ ਫਰਾਰ ਹੋ ਜਾਂਦਾ ਹੈ



- ਜੇਕਰ ਵਿਅਕਤੀ ਜੇਲ੍ਹ ਤੋਂ ਬਾਹਰ ਆ ਜਾਂਦਾ ਹੈ।

ਅਦਾਲਤ ਦੱਸੇਗੀ ਕਿ ਇਸ ਵਿਅਕਤੀ ਨੂੰ ਕਿੰਨਾ ਸਮਾਂ ਜੇਲ੍ਹ ਵਿੱਚ ਰਹਿਣਾ ਪਵੇਗਾ।




ਕਈ ਵਾਰ ਜਿਸ ਵਿਅਕਤੀ ਨੇ ਤੁਹਾਨੂੰ ਨੁਕਸਾਨ ਪਹੁੰਚਾਇਆ, ਉਹ ਜੇਲ੍ਹ ਤੋਂ ਬਾਹਰ ਆਉਣ ਲਈ ਆਗਿਆ ਮੰਗਦਾ ਹੈ।



ਜੇਕਰ ਉਹ ਵਿਅਕਤੀ ਜੇਲ੍ਹ ਤੋਂ ਬਾਹਰ ਆਉਣ ਲਈ ਕਹਿੰਦਾ ਹੈ ਤਾਂ ਤੁਸੀਂ ਕਹਿ ਸਕਦੇ ਹੋ

- ਜੇਕਰ ਉਹ ਵਿਅਕਤੀ ਜੇਲ੍ਹ ਤੋਂ ਬਾਹਰ ਆਉਂਦਾ ਹੈ ਤਾਂ ਤੁਸੀਂ ਕਿਵੇਂ ਮਹਿਸੂਸ ਕਰੋਗੇ



- ਜੇਕਰ ਉਹ ਵਿਅਕਤੀ ਜੇਲ੍ਹ ਤੋਂ ਬਾਹਰ ਆਉਂਦਾ ਹੈ ਤਾਂ ਕਿਹੜੀ ਚੀਜ਼ ਸੁਰੱਖਿਅਤ ਰਹਿਣ ਵਿੱਚ ਤੁਹਾਡੀ ਮੱਦਦ ਕਰ ਸਕਦੀ ਹੈ।

## 5 ਤੁਹਾਨੂੰ ਸ਼ਿਕਾਇਤ ਕਰਨ ਦਾ ਅਧਿਕਾਰ ਹੈ



ਜੇਕਰ ਕੋਈ ਸੇਵਾ ਤੁਹਾਡੇ ਅਧਿਕਾਰਾਂ ਵਿੱਚ ਤੁਹਾਡੀ ਮੱਦਦ **ਨਹੀਂ** ਕਰਦੀ ਹੈ ਤਾਂ ਤੁਸੀਂ **ਸ਼ਿਕਾਇਤ** ਕਰ ਸਕਦੇ ਹੋ।

ਸ਼ਿਕਾਇਤ ਉਦੋਂ ਹੁੰਦੀ ਹੈ ਜਦੋਂ ਤੁਸੀਂ ਕਿਸੇ ਸੇਵਾ ਨੂੰ ਦੱਸਦੇ ਹੋ ਕਿ ਤੁਸੀਂ ਖੁਸ਼ **ਨਹੀਂ** ਹੋ।



ਸੇਵਾਵਾਂ ਤੁਹਾਨੂੰ ਦੱਸਣਗੀਆਂ ਕਿ ਸ਼ਿਕਾਇਤ ਕਿਵੇਂ ਕਰਨੀ ਹੈ।

ਸੇਵਾਵਾਂ ਤੁਹਾਨੂੰ ਦੱਸਣਗੀਆਂ ਕਿ ਅੱਗੇ ਕੀ ਹੋਵੇਗਾ।




ਕੋਈ ਹੋਰ ਤੁਹਾਡੇ ਲਈ ਤੁਹਾਡੀ ਸ਼ਿਕਾਇਤ ਕਰ ਸਕਦਾ ਹੈ ਜੇਕਰ ਤੁਸੀਂ ਕਹਿੰਦੇ ਹੋ ਕਿ ਅਜਿਹਾ ਕਰਨਾ ਠੀਕ ਹੈ।



ਉਦਾਹਰਨ ਲਈ

- ਪਰਿਵਾਰ ਦਾ ਕੋਈ ਮੈਂਬਰ



- ਕੋਈ ਦੋਸਤ।

## ਵਧੇਰੇ ਜਣਕਾਰੀ



ਸ਼ਿਕਾਇਤ ਕਰਨ ਲਈ, ਪੀੜਤ ਕਮਿਸ਼ਨਰ
ਦੇ ਦਫ਼ਤਰ ਨਾਲ ਸੰਪਰਕ ਕਰੋ।
(Office of the Victims' Commissioner)





ਵੈੱਬਸਾਈਟ

www.victimscommissioner.qld.gov.au
/make-a-complaint/complaints-
questions-and-feedback



ਫ਼ੋਨ 1800 714 100



ਈ-ਮੇਲ contact@victimscommissioner.qld.gov.au

## ਜੇਕਰ ਤੁਹਾਨੂੰ ਅੰਗਰੇਜ਼ੀ ਭਾਸ਼ਾ ਲਈ ਮੱਦਦ ਦੀ ਲੋੜ ਹੈ

ਫ਼ੋਨ ਕਾਲ ਕਰਨ ਲਈ ਮੁਫ਼ਤ ਅਨੁਵਾਦ ਅਤੇ ਦੁਭਾਸ਼ੀਆ ਸੇਵਾ ਜਾਂ TIS ਦੀ ਵਰਤੋਂ ਕਰੋ।

ਤੁਸੀਂ TIS ਨੂੰ ਆਪਣੀ ਭਾਸ਼ਾ ਵਿੱਚ ਫ਼ੋਨ ਕਰ ਸਕਦੇ ਹੋ।



ਫ਼ੋਨ 131 450

TIS ਅਧਿਕਾਰੀ ਨੂੰ ਉਹ ਫ਼ੋਨ ਨੰਬਰ ਦਿਓ ਜਿਸ 'ਤੇ ਤੁਸੀਂ ਫ਼ੋਨ ਕਰਨਾ ਚਾਹੁੰਦੇ ਹੋ।

## ਜੇਕਰ ਤੁਹਾਨੂੰ ਬੋਲਣ ਜਾਂ ਸੁਣਨ ਵਿੱਚ ਮੱਦਦ ਦੀ ਲੋੜ ਹੈ

ਫ਼ੋਨ ਕਾਲ ਕਰਨ ਲਈ ਨੈਸ਼ਨਲ ਰੀਲੇਅ ਸੇਵਾ ਦੀ ਵਰਤੋਂ ਕਰੋ।

ਤੁਹਾਨੂੰ ਇਸ ਲਈ ਪਹਿਲਾਂ ਇਸ ਸੇਵਾ ਨਾਲ ਸਾਈਨ ਅੱਪ ਕਰਨਾ ਲਾਜ਼ਮੀ ਹੈ।




ਵੈੱਬਸਾਈਟ accesshub.gov.au/nrs-helpdesk



ਫ਼ੋਨ 1800 555 660

# ਨੋਟ ਕਰਨਾ

# ਨੋਟ ਕਰਨਾ

# ਨੋਟ ਕਰਨਾ

ਇਹ ਦਸਤਾਵੇਜ਼ ਅਪ੍ਰੈਲ 2024 ਵਿੱਚ ਸਕੋਪ (ਆਸਟ) ਲਿਮਟਿਡ ਦੁਆਰਾ ਫਰਵਰੀ 2024 ਵਿੱਚ ਪਿਕਚਰ ਕਮਿਊਨੀਕੇਸ਼ਨ ਸਿੰਬਲਸ (PCS) ਦੀ ਵਰਤੋਂ ਕਰਕੇ ਤਿਆਰ ਕੀਤੇ ਗਏ ਇੱਕ ਆਸਾਨ ਅੰਗਰੇਜ਼ੀ ਦਸਤਾਵੇਜ਼ ਦੇ ਆਧਾਰ 'ਤੇ ਬਣਾਇਆ ਗਿਆ ਸੀ। PCS Tobii Dynavox, LLC ਦਾ ਟ੍ਰੇਡਮਾਰਕ ਹੈ। ਸਾਰੇ ਹੱਕ ਰਾਖਵੇਂ ਹਨ। ਆਗਿਆ ਸਹਿਤ ਵਰਤੋਂ ਕੀਤੀ ਗਈ ਹੈ। ਇਹ ਦਸਤਾਵੇਜ਼ ਤੀਜੀ ਧਿਰ ਨੂੰ ਨਹੀਂ ਵੇਚਿਆ ਜਾਣਾ ਚਾਹੀਦਾ ਹੈ। ਤਸਵੀਰਾਂ ਨੂੰ ਬਿਨਾਂ ਆਗਿਆ ਦੇ ਦੁਬਾਰਾ ਨਹੀਂ ਵਰਤਿਆ ਜਾਣਾ ਚਾਹੀਦਾ ਹੈ। ਤਸਵੀਰਾਂ ਬਾਰੇ ਵਧੇਰੇ ਜਾਣਕਾਰੀ ਲਈ, ਸਕੋਪ ਨੂੰ 1300 472 673 'ਤੇ ਸੰਪਰਕ ਕਰੋ ਜਾਂ scopeaust.org.au 'ਤੇ ਜਾਓ।